# ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਕਲਯੁੱਗ ਜੀਵ ਨੂੰ ਸੱਚ ਦੇ ਰਾਹ ਤੇ ਚੱਲਣ ਦਾ ਉਪਦੇਸ਼ ਦਿੰਦੀ ਹੈ - ਬਾਬਾ ਗੁਰਦੀਪ ਸਿੰਘ

## ਚੰਦ ਪੁਰਾਣਾ ਵਿਖੇ ਮਨਾਇਆ ਗਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਉਤਸਵ

**ਬਾਘਾ ਪੁਰਾਣਾ/ ਭਵਨਦੀਪ ਸਿੰਘ ਪੁਰਬਾ**



ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਪੁਰਬ ਜਿੱਥੇ ਦੇਸ਼ਾਂ ਵਿਦੇਸ਼ਾਂ ਵਿਚ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ ਉੱਥੇ ਮਾਲਵੇ ਦੇ ਪ੍ਰਸਿੱਧ ਅਤੇ ਪਵਿੱਤਰ ਇਤਿਹਾਸਕ ਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਚੰਦ ਪੁਰਾਣਾ ਵਿਖੇ ਵੀ ਸਮਾਗਮ ਕਰਵਾਇਆ ਗਿਆ।

ਸਮਾਗਮ ਦੌਰਾਨ ਸੰਗਤਾਂ ਨੂੰ ਪ੍ਰਵਚਨ ਕਰਦਿਆਂ ਮੁੱਖ ਸੇਵਾਦਾਰ ਅਤੇ ਸਮਾਜ ਸੇਵੀ ਬਾਬਾ ਗੁਰਦੀਪ ਸਿੰਘ ਨੇ ਕਿਹਾ ਕਿ ਮਹਾਨ ਅਧਿਆਤਮਕ ਕਦਰਾਂ ਕੀਮਤਾਂ ਅਤੇ ਮਾਨਵੀ ਏਕਤਾ ਦੇ ਪ੍ਰਤੀਕ ਇਸ ਪਾਵਨ ਗ੍ਰੰਥ ਵਿੱਚ 6 ਗੁਰੂ ਸਾਹਿਬਾਨ, ਪੰਦਰਾਂ ਸੰਤਾਂ/ਭਗਤਾਂ, ਗਿਆਰਾਂ ਭੱਟਾਂ ਅਤੇ ਗੁਰੂ ਸਾਹਿਬਾਨ ਦੇ ਚਾਰ ਸੇਵਕਾਂ ਦੀ ਬਾਣੀ ਵੀ ਸ਼ਾਮਲ ਕੀਤੀ ਗਈ ਹੈ।

ਗੁਰੂ ਸਾਹਿਬਾਨ ਤੋਂ ਇਲਾਵਾ ਬਾਣੀ ਦੇ ਸਾਰੇ ਰਚਨਹਾਰੇ ਸਾਰੇ ਵੰਸ਼ਾਂ, ਵੱਖ-ਵੱਖ ਜਾਤਾਂ ਅਤੇ ਭਾਰਤ ਦੇ ਹੋਰਨਾਂ ਪ੍ਰਦੇਸਾਂ ਨਾਲ ਸੰਬੰਧਤ ਸਨ। ਇਸ ਗ੍ਰੰਥ 'ਚ ਸ਼ਾਮਲ ਬਾਣੀ ਦਾ ਪ੍ਰਮੁੱਖ ਵਿਸ਼ਾ ਇੱਕ ਈਸ਼ਵਰ, ਅਧਿਆਤਮਕ ਚਿੰਤਨ, ਸਾਧਨਾਂ ਅਤੇ ਵਿਸ਼ਵ ਮਾਨਵੀ ਏਕਤਾ ਹੈ। ਇਸ ਬਾਣੀ ਦਾ ਮੁੱਖ ਉਦੇਸ਼ ਵਿਸ਼ਵ ਭਾਈਚਾਰਾ ਅਤੇ ਸਾਰੇ ਧਰਮਾਂ ਪ੍ਰਤੀ ਇੱਕ ਸਾਰ ਭਾਵਨਾ ਦਾ ਪ੍ਰਚਾਰ ਕਰਨਾ ਹੈ।

ਉਨ੍ਹਾਂ ਅੱਗੇ ਫ਼ਰਮਾਇਆ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਬਾਣੀ ਕਲਯੁਗੀ ਜੀਵ ਨੂੰ ਸੱਚ ਦੇ ਮਾਰਗ ਤੇ ਚੱਲਣ ਦਾ ਰਾਹ ਦਿਖਾਉਂਦੀ ਹੈ ਜਿਸ ਵੀ ਜੀਵ ਆਤਮਾ ਨੇ ਗੁਰਬਾਣੀ ਅਨੁਸਾਰ ਆਪਣੇ ਜੀਵਨ ਨੂੰ ਢਾਲ ਲਿਆ ਉਸ ਦਾ ਲੋਕ ਅਤੇ ਪਰਲੋਕ ਸਫ਼ਲ ਹੋ ਜਾਂਦਾ ਹੈ।

ਬਾਬਾ ਜੀ ਨੇ ਕਿਹਾ ਕਿ ਅੱਜ ਪੂਰੇ ਵਿਸ਼ਵ ਵਿੱਚ ਕਰੋਨਾ ਮਹਾਂਮਾਰੀ ਭਿਆਨਕ ਰੂਪ ਧਾਰਨ ਕਰ ਚੁੱਕੀ ਹੈ ਜੇਕਰ ਇਸ ਬਿਮਾਰੀ ਦੀ ਅਜੇ ਤੱਕ ਕੋਈ ਦਵਾ ਦਾਰੂ ਸਾਇੰਸਨਾ ਨੇ ਬਣਾਈ ਤਾਂ ਜਿਸ ਵੀ ਇਨਸਾਨ ਨੇ ਪਰਮਾਤਮਾ ਦਾ ਨਾਮ ਸਿਮਰਦਿਆਂ ਉਸ ਦੇ ਅੱਗੇ ਅਰਜ਼ ਗੁਜ਼ਾਰੀ ਹੈ ਤਾਂ ਉਸ ਤੋਂ ਬੀਮਾਰੀ ਕੋਹਾਂ ਦੂਰ ਲੰਘੀ ਗਈ ਸੋ ਅੱਜ ਸਰਬੱਤ ਦੇ ਭਲੇ ਦੇ ਲਈ ਵੱਧ ਤੋਂ ਵੱਧ ਪਰਮਾਤਮਾ ਦਾ ਸਿਮਰਨ ਕਰੇ ਤਾਂ ਜੋ ਇਸ ਬਿਮਾਰੀ ਤੋਂ ਸਮਾਜ ਨੂੰ ਬਚਾਇਆ ਜਾ ਸਕੇ।

# ਗੁਰਮਤਿ ਰਾਗੀ ਗ੍ਰੰਥੀ ਸਭਾ ਮੋਗਾ ਵੱਲੋਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾਂ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ



**ਮੋਗਾ/ ਮਹਿਕ ਵਤਨ ਦੀ ਲਾਈਵ ਬਿਓਰੋ**


ਗੁਰਮਤਿ ਰਾਗੀ ਗ੍ਰੰਥੀ ਸਭਾ ਰਜਿ ਜ਼ਿਲ੍ਹਾ ਮੋਗਾ ਦੇ ਪ੍ਰੈੱਸ ਸਕੱਤਰ ਭਾਈ ਹਰਜਿੰਦਰ ਸਿੰਘ ਬੱਡੂਵਾਲੀਆ ਦੀ ਜਾਣਕਾਰੀ ਅਨੁਸਾਰ ਗੁਰਮਤਿ ਰਾਗੀ ਗ੍ਰੰਥੀ ਸਭਾ ਮੋਗਾ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਕਲਗੀਧਰ ਸਾਹਿਬ ਦੱਤ ਰੋਡ ਮੋਗਾ ਦੇ ਪੂਰਨ ਸਹਿਯੋਗ ਨਾਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾਂ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਜੀ ਦੱਤ ਰੋਡ ਰੋਡ ਮੋਗਾ ਵਿਖੇ ਮਨਾਇਆ ਗਿਆ।

ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਭਾਈ ਗੁਰਪ੍ਰੀਤ ਸਿੰਘ ਜੱਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਿਆ, ਕਥਾਵਾਚਕ ਗਿਆਨੀ ਸੁਖਵੰਤ ਸਿੰਘ ਨੇ ਕਥਾ ਰਾਹੀਂ ਸੰਗਤਾਂ ਨੂੰ ਗੁਰੂ ਇਤਿਹਾਸ ਤੇ ਚਾਨਣਾ ਪਾਇਆ, ਰਾਗੀ ਭਾਈ ਸੋਹਣ ਸਿੰਘ ਖਾਲਸਾ ਦੇ ਜੱਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਰਬੱਤ ਦੇ ਭਲੇ ਦੀ ਅਰਦਾਸ ਹੈਂਡ ਗ੍ਰੰਥੀ ਭਾਈ ਇਕਬਾਲ ਨੇ ਕੀਤੀ। ਸਟੇਜ਼ ਦੀ ਸੇਵਾ ਭਾਈ ਪਰਮਵੀਰ ਸਿੰਘ ਗੋਰਾ ਜੀ ਨੇ ਬਹੁਤ ਬਾਖ਼ੂਬੀ ਨਾਲ ਨਿਭਾਈ। ਅਖੰਡ ਪਾਠ ਦੀਆਂ ਰੋਲਾ ਲਾਉਣ ਵਾਲੇ ਸਿੰਘਾਂ ਨੂੰ ਬਸਤਰ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸੇਵਾ ਪੰਜਾਬ ਗਰੁੱਪ ਮੋਗਾ ਮਾਸਟਰ ਗੁਰਪ੍ਰੀਤ ਸਿੰਘ ਜੀ ਅਤੇ ਸ੍ਰੀ ਮਾਨ ਮਨੋਜ ਅਰੋੜਾ ਵੱਲੋਂ ਬੂਟਿਆਂ ਦਾ ਲੰਗਰ ਲਗਾਇਆ ਗਿਆ।

ਸਰਕਲ ਬਾਘਾ ਪੁਰਾਣਾ ਅਤੇ ਸਰਕਲ ਨਿਹਾਲ ਸਿੰਘ ਵਾਲਾ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਪ੍ਰਸ਼ਾਸ਼ਨ ਵੱਲੋਂ ਦਿੱਤੀਆਂ ਗਈਆ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਨੂੰ ਮੁੱਖ ਰੱਖਦੇ ਹੋਏ ਨਿਯਮਾਂ ਦੀ ਪਾਲਣਾ ਕੀਤੀ ਗਈ। ਜ਼ਿਲ੍ਹਾ ਪ੍ਰਧਾਨ ਭਾਈ ਰਣਜੀਤ ਸਿੰਘ ਸਿੰਘਾਂ ਵਾਲਾ, ਸ਼ਹਿਰੀ ਪ੍ਰਧਾਨ ਭਾਈ ਇਕਬਾਲ ਸਿੰਘ ਜੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਏਸ ਮੌਕੇ ਸੀਨੀਅਰ ਮੀਤ ਪ੍ਰਧਾਨ ਭਾਈ ਸਵਰਨ ਸਿੰਘ , ਚੇਅਰਮੈਨ ਰਾਗੀ ਸੋਹਣ ਸਿੰਘ ਖਾਲਸਾ, ਜਰਨਲ ਸਕੱਤਰ ਭਾਈ ਸੁਖਵੰਤ ਸਿੰਘ ਕਥਾਵਾਚਕ, ਪ੍ਰੈਸ ਸਕੱਤਰ ਭਾਈ ਹਰਜਿੰਦਰ ਸਿੰਘ ਬੱਡੂਵਾਲੀਆ, ਮੁੱਖ ਸਲਾਹਕਾਰ ਭਾਈ ਜਗਰੂਪ ਸਿੰਘ, ਪਰਚਾਰ ਸਕੱਤਰ ਭਾਈ ਭੁਪਿੰਦਰ ਸਿੰਘ ਕਵੀਸ਼ਰ, ਵਾਇਸ ਚੇਅਰਮੈਨ ਭਾਈ ਸੁਖਦੀਪ ਸਿੰਘ ਧੂੜਕੋਟ, ਸ਼ਿਦਰ ਸਿੰਘ ਨਾਮਦੇਵ ਭਵਨ, ਭਾਈ ਹਰਨੇਕ ਸਿੰਘ ਬਲਖੰਡੀ, ਗੁਰਪ੍ਰੀਤ ਸਿੰਘ ਪ੍ਰੀਤ, ਭਾਈ ਭਵਨਦੀਪ ਸਿੰਘ ਪੁਰਬਾ, ਭਾਈ ਮੰਗਲ ਸਿੰਘ, ਭਾਈ ਵਜੀਰ ਸਿੰਘ, ਭਾਈ ਸੰਤੋਖ ਸਿੰਘ ਰਤਨ, ਭਾਈ ਸਰਬਜੀਤ ਸਿੰਘ ਬੁੱਟਰ, ਭਾਈ ਦਰਸ਼ਨ ਸਿੰਘ ਨਾਨਕਸਰ, ਭਾਈ ਬੱਚਨ ਸਿੰਘ ਘੋਲੀਆ, ਭਾਈ ਜਸਪਾਲ ਸਿੰਘ, ਸਰਕਲ ਬਾਘਾ ਪੁਰਾਣਾ ਪਰਧਾਨ ਭਾਈ ਬਾਜ ਸਿੰਘ, ਮੀਤ ਪ੍ਰਧਾਨ ਭਾਈ ਗੁਰਦੀਪ ਸਿੰਘ ਲੰਗੇਆਣਾ, ਪ੍ਰੈਸ ਸਕੱਤਰ ਭਾਈ ਗੁਰਸੇਵਕ ਸਿੰਘ, ਮੁੱਖ ਸਲਾਹਕਾਰ ਭਾਈ ਜੋਗਿੰਦਰ ਸਿੰਘ, ਸਰਕਲ ਨਿਹਾਲ ਸਿੰਘ ਵਾਲਾ ਪਰਧਾਨ ਭਾਈ ਗੁਰਦੀਪ ਸਿੰਘ, ਭਾਈ ਕੇਵਲ ਸਿੰਘ, ਭਾਈ ਲਾਭ ਸਿੰਘ, ਭਾਈ ਬਲਵਿੰਦਰ ਸਿੰਘ, ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਸ. ਹਰਮਹਿੰਦਰ ਸਿੰਘ ਸਹਿਗਲ, ਸੈਕਟਰੀ ਸ. ਗੁਰਦਰਸ਼ਨ ਸਿੰਘ ਸੋਢੀ, ਸ. ਗੁਰਬਚਨ ਸਿੰਘ ਚਾਵਲਾ, ਸ. ਗੁਰਚਰਨ ਸਿੰਘ ਸਚਦੇਵਾ ਤੋ ਇਲਾਵਾ ਬਹੁਤ ਸੰਗਤਾਂ ਹਾਜ਼ਰ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਰੇ ਧਰਮਾਂ ਦੀ ਰਹਿਬਰੀ ਕਰਦੇ ਹਨ ਬਾਬਾ ਰੇਸ਼ਮ ਸਿੰਘ ਖੁਖਰਾਣਾ, ਗਿ: ਪਰਮਿੰਦਰ ਸਿੰਘ ਟਕਸਾਲੀ



**ਬਾਘਾ ਪੁਰਾਣਾ/ ਰਾਜਿੰਦਰ ਸਿੰਘ ਕੋਟਲਾ, ਸਾਧੂ ਸਿੰਘ ਧੰਮੂ**

ਗੁਰਦੁਆਰਾ ਦੁੱਖ ਭੰਜਨ ਸਰ ਸਾਹਿਬ, ਖੁਖਰਾਣਾ (ਮੋਗਾ) ਵਿਖੇ ਗੁਰਪੁਰਬ ਨੂੰ ਮੁੱਖ ਰੱਖ ਕੇ ਤਿੰਨ ਦਿਨ ਰੋਜ਼ ਸਮਾਗਮ ਆਰੰਭ ਹੋਏ। ਜਿਸ ਵਿੱਚ ਦਿਨ ਬੁੱਧਵਾਰ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖ ਕੇ ਗੁਰਮਤਿ ਸਮਾਗਮ ਕੀਤਾ ਗਿਆ। ਜਿਸ ਵਿੱਚ ਬਾਬਾ ਰੇਸ਼ਮ ਸਿੰਘ ਖੁਖਰਾਣਾ, ਗਿਆਨੀ ਪਰਮਿੰਦਰ ਸਿੰਘ ਜੀ ਵਿਦਿਆਰਥੀ ਦਮਦਮੀ ਟਕਸਾਲ ਨੇ ਪਹਿਲੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਸੰਗਤਾਂ ਦੇ ਨਾਲ ਵਿਚਾਰ ਸਾਂਝੇ ਕੀਤੇ ਅਤੇ ਹੁਕਮਨਾਮੇ ਦੀ ਕਥਾ ਕੀਤੀ।

ਗਿਆਨੀ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸ਼੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ 1661 ਬਿਕਰਮੀ (1604) ਈ: ਭਾਦੋਂ ਸੁਦੀ ਏਕਮ ਨੂੰ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਕਰਵਾਇਆ ਗਿਆ ਸੀ। ਜਿਸ ਦੇ ਪਹਿਲੇ ਮੁੱਖ ਗ੍ਰੰਥੀ ਬਾਬਾ ਬੁੱਢਾ ਸਾਹਿਬ ਜੀ ਨੂੰ ਥਾਪਿਆ ਗਿਆ। ਜਿਸ ਦਾ ਮੁੱਖ ਆਸਨ ਅਕਾਲ ਤਖ਼ਤ ਸਾਹਿਬ ਦੇ ਵਿਚ ਕੋਠਾ ਸਾਹਿਬ ਵਿੱਚ ਕੀਤਾ ਜਾਂਦਾ ਸੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣਾ ਆਸਨ ਪਲੰਘ ਤੋਂ ਥੱਲੇ ਕਰ ਲਿਆ ਉਹ ਪਰੰਪਰ ਅੱਜ ਤੱਕ ਵੀ ਜਾਰੀ ਆ।

ਅੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਪਲੰਘ ਤੇ ਬਿਰਾਜਮਾਨ ਹੁੰਦੇ ਹਨ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਯਾਦ ਵਿੱਚ ਚਾਦਰ ਅੱਜ ਵੀ ਥੱਲੇ ਵਿਛਾਈ ਜਾਂਦੀ ਹੈ।

ਸਿੱਖਾਂ ਦੀ ਭਾਵਨਾ ਹੈ ਕਿ ਗੁਰੂ ਜੀ ਨੇ ਆਦਿ ਗ੍ਰੰਥ ਸਾਹਿਬ ਦਾ ਸਤਿਕਾਰ ਕਰਦੀਆਂ ਥੱਲੇ ਆਰਾਮ ਕੀਤਾ ਤੇ ਅੱਜ ਵੀ ਸਤਿਗੁਰੂ ਥੱਲੇ ਚਾਦਰ ਤੇ ਆਰਾਮ ਕਰਦੇ ਹਨ। ਇਹ ਸਭ ਕੁਝ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੇ ਅਦਬ ਸਤਿਕਾਰ ਨੂੰ ਕਾਇਮ ਕਰਨ ਲਈ ਕੀਤਾ।

# ਪ੍ਰਸਿੱਧ ਕਥਾ ਵਾਚਕ ਗਿਆਨੀ ਨਿਰਮਲ ਸਿੰਘ ਜੀ ਧੂਲਕੋਟ ਵਾਲੇ ਬਣੇ 'ਮਹਿਕ ਵਤਨ ਦੀ ਰੂ-ਬਰੂ' ਪ੍ਰੋਗਰਾਮ ਦਾ ਹਿੱਸਾ

## 'ਮਹਿਕ ਵਤਨ ਦੀ ਲਾਈਵ' ਦੇ ਦਫਤਰ ਪਹੁੰਚੇ ਪ੍ਰਸਿੱਧ ਕਥਾ ਵਾਚਕ ਗਿਆਨੀ ਨਿਰਮਲ ਸਿੰਘ ਜੀ ਧੂਲਕੋਟ ਵਾਲੇ



**ਮੋਗਾ/ ਸ਼ਮਿੰਦਰ ਸਿੰਘ, ਮਨਮੋਹਨ ਚੀਮਾ**

'ਮਹਿਕ ਵਤਨ ਦੀ ਰੂ-ਬਰੂ' ਪ੍ਰੋਗਰਾਮ 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਦਾ ਚਰਚਿਤ ਅਤੇ ਸਭ ਤੋਂ ਖਾਸ ਪ੍ਰੋਗਰਾਮ ਹੈ। ਚੀਫ ਡਾਇਰੈਕਟਰ ਭਵਨਦੀਪ ਸਿੰਘ ਪੁਰਬਾ ਦੇ ਨਿਰਦੇਸ਼ ਹੇਠ ਬਣਦੇ ਇਸ ਪ੍ਰੋਗਰਾਮ ਵਿੱਚ ਉੱਘੀਆ ਸਮਾਜ ਸੇਵੀ ਸ਼ਖਸੀਅਤਾਂ, ਪ੍ਰਸਿੱਧ ਨਾਟਕਕਾਰ, ਪ੍ਰਸਿੱਧ ਸਾਹਿਤਕਾਰ, ਪ੍ਰਸਿੱਧ ਕਲਾਕਾਰ, ਪ੍ਰਸਿੱਧ ਰਾਗੀਆਂ-ਢਾਡੀਆਂ ਅਤੇ ਪ੍ਰਸਿੱਧ ਧਾਰਮਿਕ ਸ਼ਖਸੀਅਤਾਂ ਨਾਲ ਮੁਲਾਕਾਤ ਵਿਖਾਈ ਜਾਦੀ ਹੈ। ਬੀਤੇ ਦਿਨੀ ਪ੍ਰਸਿੱਧ ਕਥਾਵਾਚਕ ਗਿਆਨੀ ਨਿਰਮਲ ਸਿੰਘ ਜੀ ਧੂਲਕੋਟ ਵਾਲੇ 'ਮਹਿਕ ਵਤਨ ਦੀ ਲਾਈਵ' ਬਿਓਰੋ ਮੋਗਾ ਦੇ ਦਫਤਰ ਵਿਖੇ ਹਾਜਰ ਹੋਏ ਜਿਥੇ ਉਨ੍ਹਾਂ ਆਪਣੇ ਜੀਵਨ ਬਾਰੇ ਬਡਮੁੱਲੇ ਵਿਚਾਰ ਪੇਸ਼ ਕੀਤੀ ਅਤੇ ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਣਾਉਣ ਦਾ ਕਾਰਨ ਸਪੱਸ਼ਟ ਕੀਤਾ।

'ਮਹਿਕ ਵਤਨ ਦੀ ਲਾਈਵ' ਦੇ ਚੀਫ ਐਡੀਟਰ ਸ. ਭਵਨਦੀਪ ਸਿੰਘ ਪੁਰਬਾ ਨੇ ਗਿਆਨੀ ਨਿਰਮਲ ਸਿੰਘ ਜੀ ਧੂਲਕੋਟ ਵਾਲਿਆ ਦੇ ਜੀਵਨ ਦੀ ਦਾਸਤਾਨ ਪਾਠਕਾਂ ਤੇ ਦਰਸ਼ਕਾਂ ਸਾਹਮਣੇ ਪੇਸ਼ ਕਰਨ ਦੇ ਉਪਰਾਲੇ ਨਾਲ ਉਨ੍ਹਾ ਨੂੰ 'ਮਹਿਕ ਵਤਨ ਦੀ ਰੂ-ਬ-ਰੂ' ਪ੍ਰੋਗਰਾਮ ਵਿੱਚ ਪੇਸ਼ ਕੀਤਾ। 'ਮਹਿਕ ਵਤਨ ਦੀ ਰੂ-ਬ-ਰੂ' ਦੇ ਇਸ 27ਵੇਂ ਐਡੀਸ਼ਨ ਦੀ ਰਿਕਾਰਡਿੰਗ ਸਮੇਂ ਮੁੱਖ ਤੌਰ ਤੇ ਹਾਜ਼ਰ ਹੋਏ ਗਿਆਨੀ ਨਿਰਮਲ ਸਿੰਘ ਜੀ ਧੂਲਕੋਟ ਵਾਲਿਆਂ ਤੋਂ ਇਲਾਵਾ ਨਿਰਮਾਤਾ ਨਿਰਦੇਸ਼ਕ ਭਵਨਦੀਪ ਸਿੰਘ ਪੁਰਬਾ, ਐਕਰ ਢਾਡੀ ਸਾਧੂ ਸਿੰਘ ਧੰਮੂ, ਪੱਤਰਕਾਰ ਸਨਦੀਪ ਸਿੰਘ ਸੋਨਾ, ਰਾਜ ਸਿੰਘ ਸਿੱਧੂ ਆਦਿ ਮੁੱਖ ਤੌਰ ਤੇ ਹਾਜ਼ਰ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਪ੍ਰੋਗਰਾਮ ਦੀ ਲੜੀ ਵਿੱਚ
SUNNY OBEROI
CLINICAL LAB & DIAGNOSTIC CENTRE
ਗੋਬਿੰਦਗੜ੍ਹ ਬਸਤੀ, ਗੁਰੂਦਵਾਰਾ ਸਾਹਿਬ ਵਾਲੀ ਗਲੀ, (ਨੇੜੇ ਗੁਰੂਦਵਾਰਾ ਸਾਹਿਬ), ਮੋਗਾ
ਸੰਚਾਲਕ : ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.)

ਪ੍ਰੋ. (ਡਾ.) ਐਸ.ਪੀ. ਸਿੰਘ ਓਬਰਾਏ
ਮੈਨੇਜਿੰਗ ਟਰੱਸਟੀ
ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.)
ਮਾਨਵਤਾ ਦੀ ਸੇਵਾ ਨੂੰ ਸਮਰਪਿਤ !
ਸਾਰੇ ਟੈਸਟ ਸਿਰਫ਼ ਲਾਗਤ ਰੇਟਾਂ ਤੇ
ਉਚ ਤਕਨੀਕ ਨਾਲ ਤੇ ਤਜ਼ੁਰਬੇਕਾਰ ਮਾਹਿਰਾਂ ਵੱਲੋਂ ਕੀਤੇ ਜਾਂਦੇ ਹਨ।
ਲੈਬ ਸੰਪਰਕ ਨੰ.
01636-234374
98149-52730
ਸਰਦੀਆਂ : 8ਵਜੇ ਤੋਂ 5ਵਜੇ ਤੱਕ
ਗਰਮੀਆਂ : 7ਵਜੇ ਤੋਂ 4ਵਜੇ ਤੱਕ